# Visit of Minister of Foreign Relations of Sri Lanka to India (February 06-08, 2022)

February 08, 2022

.............................................

## ਸ਼੍ਰੀਲੰਕਾ ਦੇ ਵਿਦੇਸ਼ ਮੰਤਰੀ ਦੀ ਭਾਰਤ ਫੇਰੀ (6-8 ਫਰਵਰੀ, 2022)

**8 ਫਰਵਰੀ, 2022**

1. ਵਿਦੇਸ਼ ਮੰਤਰੀ (EAM) ਡਾ. ਐੱਸ. ਜੈਸ਼ੰਕਰ ਦੇ ਸੱਦੇ 'ਤੇ ਸ਼੍ਰੀਲੰਕਾ ਦੇ ਵਿਦੇਸ਼ ਮੰਤਰੀ ਮਹਾਮਹਿਮ ਪ੍ਰੋ. ਜੀ.ਐਲ.ਪੀਰਿਸ 2-ਮੈਂਬਰੀ ਅਧਿਕਾਰਤ ਵਫ਼ਦ ਨਾਲ 6-8 ਫਰਵਰੀ 2022 ਤੱਕ ਅਧਿਕਾਰਤ ਦੌਰੇ 'ਤੇ ਭਾਰਤ ਆਏ। ਸ਼੍ਰੀਲੰਕਾ ਦੇ ਵਿਦੇਸ਼ ਮੰਤਰੀ ਦੀ ਆਪਣੇ ਮੌਜੂਦਾ ਕਾਰਜਕਾਲ ਦੌਰਾਨ ਇਹ ਪਹਿਲੀ ਭਾਰਤ ਯਾਤਰਾ ਹੈ।

2. ਵਿਦੇਸ਼ ਮੰਤਰੀ ਨੇ ਵਫ਼ਦ ਪੱਧਰੀ ਗੱਲਬਾਤ ਕਰਨ ਲਈ 7 ਫਰਵਰੀ, 2022 ਨੂੰ ਸ਼੍ਰੀਲੰਕਾਈ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕੀਤੀ। ਦੋਵਾਂ ਮੰਤਰੀਆਂ ਨੇ ਸਮੁੱਚੇ ਦੁਵੱਲੇ ਸਬੰਧਾਂ 'ਤੇ ਚਰਚਾ ਕੀਤੀ ਅਤੇ ਭਾਰਤ ਅਤੇ ਸ਼੍ਰੀਲੰਕਾ ਦਰਮਿਆਨ ਨਜ਼ਦੀਕੀ ਅਤੇ ਦੋਸਤਾਨਾ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਦੀ ਪੜਚੋਲ ਕੀਤੀ।

3. ਵਿਦੇਸ਼ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਖੇਤਰ ਵਿੱਚ ਸਭਨਾਂ ਲਈ ਸੁਰੱਖਿਆ ਅਤੇ ਵਿਕਾਸ (SAGAR) ਦੇ ਸੁਫ਼ਨੇ ਅਤੇ 'ਗੁਆਂਢੀ ਪਹਿਲਾਂ' ਨੀਤੀ ਤਹਿਤ ਭਾਰਤ ਦੁਆਰਾ ਸ਼੍ਰੀਲੰਕਾ ਨੂੰ ਦਿੱਤੀ ਜਾਣ ਵਾਲੀ ਤਰਜੀਹ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਭਾਰਤ ਅਤੇ ਸ਼੍ਰੀਲੰਕਾ ਦਰਮਿਆਨ ਹਵਾਈ ਅਤੇ ਸਮੁੰਦਰੀ ਸੰਪਰਕ ਨੂੰ ਵਧਾਉਣ ਦੀਆਂ ਤਜਵੀਜ਼ਾਂ ਸਣੇ ਆਪਸੀ ਤੌਰ ਤੇ ਲਾਹੇਵੰਦ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੀ ਗੱਲ ਕਹੀ, ਜਿਨ੍ਹਾਂ ਵਿੱਚ ਲੋਕ ਪੱਧਰੀ ਸਬੰਧਾਂ ਨੂੰ ਮਜ਼ਬੂਤ ਕਰਨ, ਆਰਥਿਕ ਅਤੇ ਨਿਵੇਸ਼ ਦੀਆਂ ਪਹਿਲਾਂ, ਸ਼੍ਰੀਲੰਕਾ ਦੀ ਊਰਜਾ ਸੁਰੱਖਿਆ ਨੂੰ ਵਧਾਉਣ ਲਈ ਹੋਰ ਕਦਮ, ਸਾਡੇ ਸਾਂਝੇ ਸਮੁੰਦਰੀ ਖੇਤਰ ਨੂੰ ਵੱਖ-ਵੱਖ ਸਮਕਾਲੀ ਖਤਰਿਆਂ ਤੋਂ ਸੁਰੱਖਿਅਤ ਰੱਖਣਾ ਅਤੇ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰਨ ਬਾਰੇ ਸਹਿਯੋਗ ਸ਼ਾਮਲ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਸ਼੍ਰੀਲੰਕਾ ਦੀ ਲੋੜ ਸਮੇਂ ਉਸ ਦੇ ਨਾਲ ਹਮੇਸ਼ਾ ਖੜ੍ਹਾ ਰਹੇਗਾ। ਸ਼੍ਰੀਲੰਕਾਈ ਵਿਦੇਸ਼ ਮੰਤਰੀ ਨੇ ਭਾਰਤ ਵੱਲੋਂ ਹਾਲ ਵਿੱਚ ਹੀ ਦਿੱਤੀ ਗਈ ਸਹਾਇਤਾ ਲਈ ਧੰਨਵਾਦ ਪ੍ਰਗਟਾਇਆ ਅਤੇ ਮਨੁੱਖੀ ਅਧਿਕਾਰਾਂ ਅਤੇ ਸੁਲ੍ਹਾ-ਸਫ਼ਾਈ ਬਾਰੇ ਸ਼੍ਰੀਲੰਕਾ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਬਾਰੇ ਵਿਦੇਸ਼ ਮੰਤਰੀ ਨੂੰ ਤਾਜ਼ਾ ਜਾਣਕਾਰੀ ਦਿੱਤੀ।

4. ਭਾਰਤ ਵੱਲੋਂ ਦਿੱਤੀ ਗਈ ਵਿਕਾਸ ਅਤੇ ਮੁੜਵਸੇਵੇਂ ਦੀ ਮਦਦ ਦੇ ਹਾਂ ਪੱਖੀ ਪ੍ਰਭਾਵ ਨੂੰ ਯਾਦ ਕਰਦੇ ਹੋਏ ਵਿਦੇਸ਼ ਮੰਤਰੀ EAM ਨੇ ਧਿਆਨ ਦਿਵਾਇਆ ਕਿ ਸੰਯੁਕਤ ਸ਼੍ਰੀਲੰਕਾ ਦੇ ਅੰਦਰ ਤਮਿਲ ਲੋਕਾਂ ਲਈ ਸਮਾਨਤਾ, ਨਿਆਂ, ਸ਼ਾਂਤੀ ਅਤੇ ਸਨਮਾਨ ਨੂੰ ਯਕੀਨੀ ਬਣਾ ਕੇ ਹੀ ਸ਼੍ਰੀਲੰਕਾ ਦੇ ਹਿੱਤਾਂ ਨੂੰ ਸਰਬੋਤਮ ਤਰੀਕੇ ਨਾਲ ਪੂਰਿਆ ਜਾ ਸਕਦਾ ਹੈ। ਸੱਤਾ ਦੀ ਵੰਡ ਕਰਨਾ ਇਸ ਪ੍ਰਕਿਰਿਆ ਦਾ ਮਹੱਤਵਪੂਰਨ ਪਹਿਲੂ ਹੈ।

5. ਦੋਵਾਂ ਧਿਰਾਂ ਨੇ ਮਛੇਰਿਆਂ ਦੇ ਮੁੱਦੇ ਨੂੰ ਮਨੁੱਖੀ ਨਜ਼ਰੀਏ ਨਾਲ ਨਜਿੱਠਣ ਅਤੇ IMBL ਉੱਤੇ ਹੋ ਰਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਹਿੰਸਾ ਦੀ ਵਰਤੋਂ ਤੋਂ ਗੁਰੇਜ਼ ਕਰਨ ਬਾਰੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਹਿਮਤੀ ਦੁਹਰਾਈ। ਉਹ ਇਸ ਗੱਲ 'ਤੇ ਸਹਿਮਤ ਹੋਏ ਕਿ ਦੁਵੱਲੇ ਤੰਤਰ ਦੀ ਬੈਠਕ ਜਲਦੀ ਸ਼ੁਰੂ ਹੋਣੀ ਚਾਹੀਦੀ ਹੈ, ਜਿਸ ਦੀ ਸ਼ੁਰੂਆਤ ਮੱਛੀ ਪਾਲਣ ਬਾਰੇ ਸਾਂਝਾ ਕਾਰਜ ਸਮੂਹ ਦੀ ਬੈਠਕ ਤੋਂ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ।

6. ਇਹ ਕਹਿੰਦੇ ਹੋਏ ਕਿ ਇਸ ਸਾਲ ਆਜ਼ਾਦੀ ਅਤੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 75 ਸਾਲ ਪੂਰੇ ਹੋ ਰਹੇ ਹਨ, ਦੋਵੇਂ ਆਗੂ ਇਸ ਮੌਕੇ ਨੂੰ ਢੁਕਵੇਂ ਢੰਗ ਨਾਲ ਮਨਾਉਣ ਉੱਤੇ ਸਹਿਮਤ ਹੋਏ।

7. ਦੋਵਾਂ ਮੰਤਰੀਆਂ ਨੇ ਬਿਮਸਟੇਕ ਅਤੇ ਕੋਲੰਬੋ ਸੁਰੱਖਿਆ ਸੰਮੇਲਨ ਵਰਗੇ ਖੇਤਰੀ ਮੰਚਾਂ 'ਤੇ ਸਹਿਯੋਗ ਬਾਰੇ ਵੀ ਵਿਚਾਰ- ਵਟਾਂਦਰਾ ਕੀਤਾ। ਸ਼੍ਰੀਲੰਕਾਈ ਵਿਦੇਸ਼ ਮੰਤਰੀ ਨੇ ਵਿਦੇਸ਼ ਮੰਤਰੀ ਨੂੰ ਸ਼੍ਰੀਲੰਕਾ ਆਉਣ ਦਾ ਸੱਦਾ ਦਿੱਤਾ।

8. ਇਸ ਦੌਰੇ ਦੌਰਾਨ ਸ਼੍ਰੀਲੰਕਾਈ ਵਿਦੇਸ਼ ਮੰਤਰੀ ਨੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਭਾਲ ਅਤੇ ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰਿੰਗਲਾ ਨਾਲ ਵੀ ਮੁਲਾਕਾਤ ਕੀਤੀ।

ਨਵੀਂ ਦਿੱਲੀ
8 ਫਰਵਰੀ, 2022

DISCLAIMER: This is an approximate translation. The original is available in English on MEA's website and may be referred to as the official press release.